## ਕਨੂੰਨੀ ਛੁੱਟੀ (STATUTORY HOLIDAY) ਲਈ ਵੇਤਨ ਬਾਰੇ ਨੀਤੀ

### <u>ਇਰਾਦਾ</u>

Authentic T-Shirt Company®/SanMar Canada, (ਕੰਪਨੀ), ਟੀਮ ਦੇ ਮੈਂਬਰਾਂ ਨੂੰ ਆਪਣੀ ਇੱਛਾ ਨਾਲ ਵਾਧੂ ਵੇਤਨ ਅਤੇ ਛੁੱਟੀ ਕਮਾਉਣ ਦਾ ਮੌਕਾ ਪ੍ਰਦਾਨ ਕਰਨ ਲਈ ਉਤਸ਼ਾਹਤ ਹੈ, ਕਿਉਂਕਿ ਕੰਪਨੀ ਹਰ ਕੈਲੰਡਰ ਵਰ੍ਹੇ ਵਿੱਚ ਦੋ (2) ਕਨੂੰਨੀ (statutory) ਛੁੱਟੀਆਂ ਦੇ ਦਿਨਾਂ ਨੂੰ ਖੁੱਲ੍ਹੀ ਹੋਵੇਗੀ। ਸਾਡੀਆਂ ਕਦਰਾਂ-ਕੀਮਤਾਂ, ਕਲਪਨਾ ਅਤੇ ਮਿਸ਼ਨ ਸਟੇਟਮੈਂਟ ਦੇ ਹਿੱਸੇ ਵਜੋਂ, ਇਹ ਫ਼ੈਸਲਾ ਨਾ ਸਿਰਫ਼ ਕੰਪਨੀ ਨੂੰ ਸਾਡੇ ਗਾਹਕਾਂ ਨੂੰ ਉੱਤਮ ਸੇਵਾ ਮੁਹੱਈਆ ਕਰਨੀ ਜਾਰੀ ਰੱਖਣ ਦੀ ਆਗਿਆ ਦਿੰਦਾ ਹੈ, ਬਲਕਿ ਆਪਣੇ ਕਰਮਚਾਰੀਆਂ ਨੂੰ ਸਹਿਯੋਗ ਦੇਣ, ਉਹਨਾਂ ਨੂੰ ਵਾਧੂ ਦਿਹਾੜੀ ਅਤੇ ਵੇਤਨਕ ਛੁੱਟੀ ਕਮਾਉਣ ਦਾ ਮੌਕਾ ਪ੍ਰਦਾਨ ਕਰਨ ਵਿੱਚ ਸਾਡੀ ਵਿਆਖਿਆ ਵੀ ਕਰਦਾ ਹੈ ਕਿ ਅਸੀਂ ਕੌਣ ਹਾਂ। ਕੰਪਨੀ ਕਨੂੰਨੀ (statutory) ਛੁੱਟੀ ਵਾਲੇ ਦਿਨ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਮਾਨਤਾ ਦਿੰਦੀ ਹੈ ਅਤੇ ਉਹਨਾਂ ਦੇ ਉਪਰਾਲਿਆਂ ਵਾਸਤੇ ਉਹਨਾਂ ਨੂੰ ਪੁਰਸਕਾਰ ਦੇਣ ਲਈ ਵਚਨਬੱਧ ਹੈ।

<u>ਇਸ ਨੀਤੀ ਵਿੱਚ, ਤੁਹਾਨੂੰ ਇਹਨਾਂ ਬਾਰੇ ਜਾਣਕਾਰੀ ਮਿਲੇਗੀ:</u>

- ਕਨੂੰਨੀ ਛੁੱਟੀ ਵੇਤਨ ਲਈ ਯੋਗਤਾ
- ਕਨੂੰਨੀ ਛੁੱਟੀ ਵੇਤਨ
- ਕਨੂੰਨੀ ਛੁੱਟੀਆਂ ਦੇ ਦਿਨ ਜਦੋਂ ਕੰਪਨੀ ਖੁੱਲ੍ਹੀ ਹੋਵੇਗੀ
- ਕਨੂੰਨੀ ਛੁੱਟੀਆਂ ਦੇ ਦਿਨ ਜਦੋਂ ਕੰਪਨੀ ਬੰਦ ਹੋਵੇਗੀ

### <u>ਕਨੂੰਨੀ ਛੁੱਟੀ ਵੇਤਨ ਲਈ ਯੋਗਤਾ</u>

ਕਨੂੰਨੀ ਛੁੱਟੀ ਵੇਤਨ ਲਈ ਯੋਗ ਹੋਣ ਵਾਸਤੇ, ਇੱਕ ਰੈਗੂਲਰ ਕਰਮਚਾਰੀ ਲਈ ਇਹ ਜ਼ਰੂਰੀ ਹੈ ਕਿ:

- **ਬ੍ਰਿਟਿਸ਼ ਕੋਲੰਬੀਆ** ਲਈ:
  - ਉਸਨੂੰ ਕਨੂੰਨੀ ਛੁਟੀ ਤੋਂ 30 ਕੈਲੰਡਰ ਦਿਨ ਪਹਿਲਾਂ ਨੌਕਰੀ 'ਤੇ ਰੱਖਿਆ ਗਿਆ ਹੋਵੇ; ਅਤੇ
  - ਉਸਨੇ ਕਨੂੰਨੀ ਛੁੱਟੀ ਤੋਂ ਬਿਲਕੁਲ ਪਹਿਲਾਂ 30 ਦਿਨਾਂ ਵਿੱਚੋਂ 15 ਦਿਨ ਕੰਮ ਕੀਤਾ ਹੋਵੇ ਜਾਂ ਮਿਹਨਤਾਨਾ ਕਮਾਇਆ ਹੋਵੇ;
- **ਅਲਬਰਟਾ, ਮੈਨੀਟੋਬਾ, ਓਨਟੇਰੀਓ** ਲਈ:
  - ਉਸਨੇ ਕਿਸੇ ਵੀ/ਸਾਰੀਆਂ ਕਨੂੰਨੀ (statutory) ਛੁੱਟੀਆਂ ਤੋਂ ਪਹਿਲਾਂ ਨਿਯਮਤ ਰੂਪ ਵਿੱਚ ਨਿਰਧਾਰਤ ਆਪਣੇ ਕੰਮ ਦੇ ਆਖਰੀ ਦਿਨ **ਅਤੇ** ਨਿਯਮਤ ਰੂਪ ਵਿੱਚ ਨਿਰਧਾਰਤ ਕੰਮ ਦੇ ਪਹਿਲੇ ਦਿਨ ਕੰਮ ਕੀਤਾ ਹੋਵੇ;
- **ਕਿਊਬੈਕ** ਲਈ:
  - ਉਸਨੇ ਕਿਸੇ ਵੀ/ਸਾਰੀਆਂ ਕਨੂੰਨੀ (statutory) ਛੁੱਟੀਆਂ ਤੋਂ ਪਹਿਲਾਂ ਨਿਯਮਤ ਰੂਪ ਵਿੱਚ ਨਿਰਧਾਰਤ ਆਪਣੇ ਕੰਮ ਦੇ ਆਖਰੀ ਦਿਨ **ਜਾਂ** ਨਿਯਮਤ ਰੂਪ ਵਿੱਚ ਨਿਰਧਾਰਤ ਕੰਮ ਦੇ ਪਹਿਲੇ ਦਿਨ ਕੰਮ ਕੀਤਾ ਹੋਵੇ।
- **ਨੋਵਾ ਸਕੋਸ਼ੀਆ** ਲਈ:
  - ਛੁੱਟੀ ਤੋਂ ਪਹਿਲਾਂ ਉਹ 30 ਕੈਲੰਡਰ ਦਿਨਾਂ ਵਿੱਚੋਂ ਘੱਟੋ-ਘੱਟ 15 ਦਿਨਾਂ ਵਾਸਤੇ ਵੇਤਨ ਪ੍ਰਾਪਤ ਕਰਨ ਲਈ ਹੱਕਦਾਰ ਹੋਵੇ;
  - ਉਸਨੇ ਕਿਸੇ ਵੀ/ਸਾਰੀਆਂ ਕਨੂੰਨੀ (statutory) ਛੁੱਟੀਆਂ ਤੋਂ ਪਹਿਲਾਂ ਨਿਯਮਤ ਰੂਪ ਵਿੱਚ ਨਿਰਧਾਰਤ ਆਪਣੇ ਕੰਮ ਦੇ ਆਖਰੀ ਦਿਨ **ਅਤੇ** ਨਿਯਮਤ ਰੂਪ ਵਿੱਚ ਨਿਰਧਾਰਤ ਕੰਮ ਦੇ ਪਹਿਲੇ ਦਿਨ ਕੰਮ ਕੀਤਾ ਹੋਵੇ

### <u>ਕਨੂੰਨੀ ਛੁੱਟੀ ਵੇਤਨ</u>

- ਕਰਮਚਾਰੀ ਆਪਣੀ ਨਿਯਮਤ ਤਨਖਾਹ ਦੀ ਦਰ ਦਾ ਡੇਢ (1.5) ਗੁਣਾ ਕਮਾਏਗਾ ਅਤੇ ਨਾਲ ਹੀ ਉਸਨੂੰ ਇੱਕ ਵਾਧੂ ਵੇਤਨਕ ਛੁੱਟੀ ਵੀ ਮਿਲੇਗੀ (ਘੰਟੇ ਪ੍ਰਾਂਤਕ ਵੇਤਨ ਦੇ ਹਿਸਾਬ ਅਨੁਸਾਰ ਹੁੰਦੇ ਹਨ)।

<u>ਕਿਸੇ ਕਨੂੰਨੀ ਛੁੱਟੀ 'ਤੇ ਕੰਮ ਕਰਨ ਦੀ ਚੋਣ ਆਪਣੀ ਇੱਛਾ 'ਤੇ ਅਧਾਰਤ ਹੁੰਦੀ ਹੈ; ਹਾਲਾਂਕਿ, ਵਿਭਾਗ ਦੀਆਂ ਲੋੜਾਂ 'ਤੇ ਨਿਰਭਰ ਕਰਦੇ ਹੋਏ ਵਿਭਾਗ ਵਿੱਚ ਸਟਾਫ਼ ਨੂੰ ਲਗਾਉਣ ਦੀ ਮਰਜ਼ੀ ਮੈਨੇਜਮੈਂਟ ਦੀ ਹੁੰਦੀ ਹੈ। ਹੋ ਸਕਦਾ ਹੈ ਸਾਰੇ ਵਲੰਟੀਅਰਾਂ ਨੂੰ ਨਾ ਚੁਣਿਆ ਜਾਵੇ।</u>

### <u>ਕਨੂੰਨੀ ਛੁੱਟੀਆਂ ਦੇ ਦਿਨ ਜਦੋਂ ਕੰਪਨੀ ਖੁੱਲ੍ਹੀ ਰਹੇਗੀ</u>

- ਨੈਸ਼ਨਲ ਟ੍ਰੁੱਥ ਐਂਡ ਰੀਕੰਸਿਲਿਏਸ਼ਨ ਡੇਅ
- ਰਿਮੈਂਬ੍ਰੈਂਸ ਡੇਅ

**<u>ਕਨੂੰਨੀ ਛੁੱਟੀਆਂ ਦੇ ਦਿਨ ਜਦੋਂ ਕੰਪਨੀ ਬੰਦ ਹੋਵੇਗੀ</u>**

- ਨਵੇਂ ਸਾਲ ਦਾ ਦਿਨ
- ਫ਼ੈਮਿਲੀ ਡੇਅ
- ਗੁੱਡ ਫ੍ਰਾਈਡੇ
- ਵਿਕਟੋਰੀਆ ਡੇਅ
- ਕੈਨੇਡਾ ਡੇਅ
- ਸਿਵਿਕ ਹੌਲੀਡੇ (ਅਗਸਤ)
- ਮਜ਼ਦੂਰ ਦਿਵਸ (ਲੇਬਰ ਡੇਅ)
- ਥੈਂਕਸਗਿਵਿੰਗ ਡੇਅ
- ਕ੍ਰਿਸਮਸ ਡੇਅ
- ਬੌਕਸਿੰਗ ਡੇਅ

**<u>ਸਵੀਕ੍ਰਿਤੀ ਅਤੇ ਸਮਝੌਤਾ</u>**

ਇਸ ਦਸਤਾਵੇਜ਼ 'ਤੇ ਆਪਣੇ ਡਿਜਿਟਲ ਦਸਤਖਤ ਕਰਕੇ, ਮੈਂ ਕਨੂੰਨੀ ਛੁੱਟੀ (STATUTORY HOLIDAY) ਲਈ ਵੇਤਨ ਬਾਰੇ ਨੀਤੀ ਨੂੰ ਸਵੀਕਾਰ ਕਰਨ ਦੀ ਪੁਸ਼ਟੀ ਕਰਦਾ/ਕਰਦੀ ਹਾਂ। ਮੈਂ ਇਸਦੇ ਸਾਰੇ ਅਸੂਲਾਂ, ਨੀਤੀਆਂ, ਨਿਯਮਾਂ ਅਤੇ ਸ਼ਰਤਾਂ ਨੂੰ ਸਮਝਦਾ/ਸਮਝਦੀ ਹਾਂ ਅਤੇ ਉਹਨਾਂ ਦੀ ਅਤੇ ਉਹਨਾਂ ਵਿੱਚ ਕੋਈ ਵੀ ਸੋਧਾਂ ਜੋ ਜਾਰੀ ਕੀਤੀਆਂ ਜਾ ਸਕਦੀਆਂ ਹਨ, ਦੀ ਪਾਲਣਾ ਕਰਨ ਲਈ ਸਹਿਮਤ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਨੀਤੀ ਨੂੰ ਲੋੜ ਅਨੁਸਾਰ ਸੋਧਿਆ ਜਾਂ ਇਸ ਵਿੱਚ ਫੇਰ-ਬਦਲ ਕੀਤਾ ਜਾ ਸਕਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਨੀਤੀ ਦੀ ਮੇਰੀ ਪਾਲਣਾ ਮੇਰੀ ਨੌਕਰੀ ਦੀ ਇੱਕ ਸ਼ਰਤ ਹੈ, ਅਤੇ ਕਿਸੇ ਵੀ ਉਲੰਘਣਾ ਦੇ ਨਤੀਜੇ ਵਜੋਂ ਜਾਇਜ਼ ਕਾਰਨ ਦੇ ਨਾਲ ਨੌਕਰੀ ਦੀ ਸਮਾਪਤੀ ਸਮੇਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।